

# ਕੇਸ ਦਾ ਦ੍ਰਿਸ਼ ਨੰਬਰ 1: ਕੌਨਵੀਨੀਐਂਸ ਸਟੋਰ ਅਤੇ ਕ੍ਰਿਸਮਸ

- ਬੇਵਰਲੀ ਇਕ ਕੌਨਵੀਨੀਐਂਸ ਸਟੋਰ ਲਈ ਕੰਮ ਕਰਦੀ ਹੈ ਅਤੇ ਜੇਹੋਵਾਹਸ ਵਿਟਨੈੱਸ ਹੈ।
- ਉਸ ਦਾ ਮੁੱਖ ਕੰਮ ਸ਼ੈਲਫਾਂ ਉੱਪਰ ਸਮਾਨ ਰੱਖਣਾ ਹੈ।
- ਕ੍ਰਿਸਮਸ ਦੇ ਸਮੇਂ ਬੇਵਰਲੀ ਦਾ ਸੁਪਰਵਾਈਜ਼ਰ ਉਸ ਨੂੰ ਪੌਆਇਨਸੈਟੀਅਸ ਲਾ ਕੇ ਸਟੋਰ ਨੂੰ ਸਜਾਉਣ ਲਈ ਕਹਿੰਦਾ ਹੈ।
- ਉਹ ਇਹ ਕਹਿੰਦੀ ਹੋਈ ਨਾਂਹ ਕਰ ਦਿੰਦੀ ਹੈ ਕਿ ਕ੍ਰਿਸਮਸ ਲਈ ਸਜਾਵਟ ਕਰਨਾ ਉਸ ਦੇ ਧਾਰਮਿਕ ਵਿਸ਼ਵਾਸਾਂ ਦੇ ਖਿਲਾਫ ਹੈ।
- ਉਹ ਉਸ ਨੂੰ ਕਹਿੰਦਾ ਹੈ ਕਿ ਉਸ ਕੋਲ ਚੋਣ ਹੈ: ਪੌਆਇਨਸੈਟੀਅਸ ਲਾਵੇ ਜਾਂ ਕੰਮ ਤੋਂ ਕੱਢੀ ਜਾਵੇ।
- ਬੇਵਰਲੀ ਉੱਠੀ ਅਤੇ ਸਟੋਰ ਤੋਂ ਚਲੀ ਗਈ, ਇਹ ਕਹਿੰਦੀ ਹੋਈ ਕਿ ਉਹ ਇਸ ਨੂੰ ਸਜਾ ਨਹੀਂ ਸਕਦੀ।

# ਕੇਸ ਦਾ ਦ੍ਰਿਸ਼ ਨੰਬਰ 2: ਲੌਗਿੰਗ ਕੰਪਨੀ

- ਸੀਓਮਾਰਾ ਇਕ ਲੌਗਿੰਗ ਕੰਪਨੀ ਦਾ ਮੁਲਾਜ਼ਮ ਹੈ।
- ਮੁਲਾਜ਼ਮ ਨੇ ਇਹ ਦੋਸ਼ ਲਾਇਆ ਕਿ ਉਸ ਦੀ ਇਮਪਲੌਏਅਰ, ਲੌਗਿੰਗ ਕੰਪਨੀ ਨੇ ਸਰੀਰਕ ਡਿਸਏਬਿਲਟੀ ਦੇ ਆਧਾਰ `ਤੇ ਉਸ ਨਾਲ ਵਿਤਕਰਾ ਕੀਤਾ ਸੀ।
- ਇਹ ਘਟਨਾ ਇਕ ਜ਼ਖਮੀ ਸਾਥੀ ਦੇ ਬਚਾਉ ਸਮੇਂ ਵਾਪਰੀ ਜਿਸ ਨੂੰ ਹਸਪਤਾਲ ਨੂੰ ਏਅਰਲਿਫਟ ਕੀਤਾ ਗਿਆ ਸੀ।
- ਉਸ ਦੀ ਡਿਸਏਬਿਲਟੀ ਕਾਰਨ, ਸੀਓਮਾਰਾ, ਕਮਿਉਨੀਕੇਸ਼ਨਜ਼ ਡਾਇਰੈਕਟਰ ਦੇ ਤੌਰ `ਤੇ ਕੰਮ ਕਰਨ ਲਈ ਦਫਤਰ ਵਿਚ ਰਿਹਾ ਜਦ ਕਿ ਹੋਰ ਲੌਗਰ ਮਦਦ ਕਰਨ ਲਈ ਸਾਈਟ `ਤੇ ਗਏ।
- ਬਚਾਉ ਕਾਰਜ ਦੌਰਾਨ ਕਮਿਉਨੀਕੇਸ਼ਨਜ਼ ਕੋਆਰਡੀਨੇਟਰ ਵਜੋਂ ਕੰਮ ਕਰਨ ਦੇ ਘੰਟਿਆਂ ਲਈ ਸੀਓਮਾਰਾ ਦੀ ਤਨਖਾਹ ਦੱਬ ਲਈ ਗਈ ਸੀ।
- ਇਮਪਲੌਏਅਰ ਨੇ ਕਿਹਾ ਕਿ ਸੀਓਮਾਰਾ ਨੇ ਕੁਝ ਨਹੀਂ ਕੀਤਾ ਜਦ ਕਿ ਉਸ ਦੇ ਸਾਥੀਆਂ ਨੇ ਸਖਤ ਮਿਹਨਤ ਕੀਤੀ।

# ਕੇਸ ਦਾ ਦ੍ਰਿਸ਼ ਨੰਬਰ 3: ਲਾਇਬਰੇਰੀ

- ਐਨ ਇਕ ਪਬਲਿਕ ਲਾਇਬਰੇਰੀ ਵਿਚ ਫੁੱਲ-ਟਾਈਮ ਲਾਇਬਰੇਰੀਅਨ ਹੈ।
- ਉਹ ਪਿੱਠ ਦੀ ਸੱਟ ਕਾਰਨ ਤਿੰਨ ਮਹੀਨਿਆਂ ਲਈ ਸਿਕ ਲੀਵ ਉੱਪਰ ਹੈ।
- ਐਨ ਅਤੇ ਉਸ ਦੀ ਯੂਨੀਅਨ ਦਾ ਨੁਮਾਇੰਦਾ, ਉਸ ਦੇ ਕੰਮ `ਤੇ ਵਾਪਸ ਜਾਣ ਦੀ ਪਲੈਨ ਬਣਾਉਣ ਲਈ ਲਾਇਬਰੇਰੀ ਦੇ ਹਿਊਮਨ ਰੀਸੋਰਸਿਜ਼ ਅਡਵਾਈਜ਼ਰ ਨੂੰ ਮਿਲੇ, ਜਿਸ ਪਲੈਨ ਵਿਚ ਉਸ ਦੇ ਡਾਕਟਰ ਦੀਆਂ ਸਿਫਾਰਸ਼ਾਂ ਵੀ ਸ਼ਾਮਲ ਸਨ।
- ਐਨ ਦੇ ਡਾਕਟਰ ਨੇ ਇਹ ਸਿਫਾਰਸ਼ ਕੀਤੀ ਕਿ ਉਹ ਦੋ ਹਫਤਿਆਂ ਲਈ ਦਿਨ ਵਿਚ ਦੋ ਘੰਟੇ ਕੰਮ `ਤੇ ਜਾਵੇ ਅਤੇ ਛੇ ਹਫਤਿਆਂ ਦੇ ਅੰਤ ਤੱਕ ਹੌਲੀ ਹੌਲੀ ਪੂਰਾ ਦਿਨ ਕੰਮ ਲਈ ਤਿਆਰ ਹੋਵੇ।
- ਐਨ ਦੇ ਡਾਕਟਰ ਦਾ ਕਹਿਣਾ ਹੈ ਕਿ ਉਸ ਨੂੰ ਸਟਰੈਚ ਕਰਨ ਲਈ ਅਕਸਰ ਬਰੇਕ ਲੈਣ ਦੀ ਲੋੜ ਪੈ ਸਕਦੀ ਹੈ ਅਤੇ ਉਸ ਨੂੰ ਸਿੱਟ/ਸਟੈਂਡ ਡੈੱਸਕ ਤੋਂ ਫਾਇਦਾ ਹੋਵੇਗਾ।
- ਲਾਇਬਰੇਰੀ ਐਨ ਨੂੰ ਸਿੱਟ/ਸਟੈਡ ਡੈੱਸਕ ਦੇਣ ਲਈ ਸਹਿਮਤ ਹੁੰਦੀ ਹੈ ਅਤੇ ਕੰਮ `ਤੇ ਹੌਲੀ ਹੌਲੀ ਵਾਪਸ ਆਉਣ ਲਈ ਸਮਾਂ-ਸੂਚੀ ਤਿਆਰ ਕਰਦੀ ਹੈ।
- ਜਦੋਂ ਐਨ ਸਿੱਕ ਲੀਵ ਉੱਪਰ ਸੀ, ਲਾਇਬਰੇਰੀ ਨੇ ਇਕ ਨਵੀਂ ਟੈਕਨੌਲੋਜੀ ਵਰਤਣੀ ਸ਼ੁਰੂ ਕਰ ਦਿੱਤੀ ਸੀ। ਫੁੱਲ-ਟਾਈਮ ਕੰਮ ਕਰਨ ਤੋਂ ਪਹਿਲਾਂ ਐਨ ਨੂੰ ਉਸ ਟੈਕਨੌਲੋਜੀ ਬਾਰੇ ਟਰੇਂਡ ਕੀਤੇ ਜਾਣ ਦੀ ਲੋੜ ਸੀ।
- ਉਸ ਦੇ ਸੁਪਰਵਾਈਜ਼ਰ ਨੇ ਉਸ ਨੂੰ ਟਰੇਨਿੰਗ ਲਈ ਸਾਈਨ ਅੱਪ ਕੀਤਾ ਜੋ ਕਿ ਦੋ ਦਿਨਾਂ ਦੀ ਸੀ।
- ਐਨ ਦੇ ਦਰਦ ਹੋ ਰਹੀ ਸੀ ਅਤੇ ਉਸ ਨੂੰ ਟਰੇਨਿੰਗ ਛੱਡ ਕੇ ਜਾਣਾ ਪਿਆ। ਟਰੇਨਿੰਗ ਪੂਰੀ ਕਰਨ ਲਈ ਉਸ ਨੇ ਕੋਈ ਹੋਰ ਕਦਮ ਨਹੀਂ ਚੁੱਕੇ ਅਤੇ ਉਸ ਨੂੰ ਕੰਮ `ਤੇ ਫੁੱਲ-ਟਾਈਮ ਵਾਪਸ ਜਾਣ ਦੀ ਆਗਿਆ ਨਹੀਂ ਦਿੱਤੀ ਗਈ।
- ਐਨ ਨੇ ਹਿਊਮਨ ਰਾਈਟਸ ਟ੍ਰਿਬਿਊਨਲ ਕੋਲ ਸ਼ਿਕਾਇਤ ਕੀਤੀ। ਹੋਰ ਚੀਜ਼ਾਂ ਦੇ ਨਾਲ ਨਾਲ ਉਸ ਨੇ ਕਿਹਾ ਕਿ ਟਰੇਨਿੰਗ ਉਸ ਦੇ ਘਰ ਤੋਂ ਕਾਰ ਵਿਚ ਲੰਬੀ ਡਰਾਈਵ `ਤੇ ਸੀ ਅਤੇ ਟਰੇਨਿੰਗ ਦੇ ਦੋ ਪੂਰੇ ਦਿਨ ਉਸ ਲਈ ਬਹੁਤ ਜ਼ਿਆਦਾ ਸਨ।

